*ਨਵੰਬਰ 2007*

**ਮਾਇਕ ਦੇਣਦਾਰੀ ਲਈ ਸਮਰੀ ਟਰਾਇਲ**
**ਵੈਨਕੂਵਰ ਰੌਬਸਨ ਸੁਕੇਅਰ ਸਮਾਲ ਕਲੇਮਜ਼ ਕੋਰਟ ਪਾਇਲਟ – ਰੂਲ 9.2**

ਇਹ ਤੱਥ ਸ਼ੀਟ ਮਾਇਕ ਦੇਣਦਾਰੀ ਲਈ ਸਮਰੀ ਟਰਾਇਲ ਬਾਰੇ ਅਤੇ ਉਸ ਲਈ ਤਿਆਰੀ ਕਰਨ ਬਾਰੇ ਜਾਣਕਾਰੀ ਦਿੰਦੀ ਹੈ। ਮਾਇਕ ਦੇਣਦਾਰੀ ਲਈ ਸਮਰੀ ਟਰਾਇਲ ਇਕ ਨਵੀਂ ਕਾਰਵਾਈ ਹੈ ਜੋ ਕਿ ਵੈਨਕੂਵਰ ਰੌਬਸਨ ਸੁਕੇਅਰ ਵਿਚ ਚੱਲ ਰਹੇ ਇਕ ਸੂਬਾਈ ਸਮਾਲ ਕਲੇਮਜ਼ ਪਾਇਲਟ ਪ੍ਰੋਜੈਕਟ ਵਿਚ ਸ਼ਾਮਲ ਕੀਤੀ ਗਈ ਹੈ। ਇਹ ਪਾਇਲਟ ਪ੍ਰੋਜੈਕਟ ਅਦਾਲਤੀ ਸੁਧਾਰ ਕਰਨ ਲਈ ਸੂਬਾਈ ਅਦਾਲਤ ਅਤੇ ਸੂਬਾਈ ਸਰਕਾਰ ਦਾ ਇਕ ਸਾਂਝਾ ਉੱਦਮ ਹੈ।

## *ਸਮਰੀ ਟਰਾਇਲ ਕੀ ਹੈ?*

ਸਮਰੀ ਟਰਾਇਲ ਮਾਇਕ ਦੇਣਦਾਰੀਆਂ ਦੇ ਕਲੇਮਾਂ ਲਈ ਇਕ ਜੱਜ ਅੱਗੇ ਅੱਧੇ ਘੰਟੇ ਦਾ ਸਰਲ ਬਣਾਇਆ ਮੁਕੱਦਮਾ ਹੈ। ਨਵੰਬਰ 2007 ਤੋਂ ਰੌਬਸਨ ਸੁਕੇਅਰ ਕੋਰਟ ਰਜਿਸਟਰੀ ਵਿਖੇ ਦਰਜ ਕਰਵਾਏ ਗਏ ਮਾਇਕ ਦੇਣਦਾਰੀਆਂ ਦੇ ਸਾਰੇ ਕਲੇਮ, ਸਮਰੀ ਟਰਾਇਲ ਲਈ ਰੂਲ 9.2 ਅਧੀਨ ਸੁਣੇ ਜਾਣਗੇ। ਮਾਇਕ ਦੇਣਦਾਰੀ ਦੇ ਕਲੇਮ ਉਹ ਕਲੇਮ ਹਨ ਜਿੱਥੇ ਦਾਅਵਾ ਕਰਨ ਵਾਲਾ ਪੈਸੇ ਉਧਾਰ ਦੇਣ ਜਾਂ ਕਰੈਡਿਟ (ਕਰਜ਼) ਵਧਾਉਣ ਦੇ ਕਾਰੋਬਾਰ ਵਿਚ ਹੈ ਅਤੇ ਉਸ ਕਾਰੋਬਾਰ ਦੌਰਾਨ ਕਿਸੇ ਲੋਨ ਜਾਂ ਕਰੈਡਿਟ ਦੇ ਵਾਧੇ ਕਾਰਨ ਦੇਣਦਾਰੀ ਪੈਦਾ ਹੋਈ ਹੈ।

## *ਮੈਂ ਸਮਰੀ ਟਰਾਇਲ ਲਈ ਤਿਆਰੀ ਕਿਵੇਂ ਕਰਾਂ?*

ਰੌਬਸਨ ਸੁਕੇਅਰ ਕੋਰਟ ਰਜਿਸਟਰੀ ਤੁਹਾਨੂੰ ਮਾਇਕ ਦੇਣਦਾਰੀ ਲਈ ਸਮਰੀ ਟਰਾਇਲ ਦਾ ਨੋਟਿਸ ਭੇਜੇਗੀ ਜਿਸ ਵਿਚ ਤੁਹਾਡੇ ਮੁਕੱਦਮੇ ਦੀ ਤਰੀਕ ਲਿਖੀ ਹੋਈ ਹੋਵੇਗੀ। ਆਪਣੇ ਸਮਰੀ ਟਰਾਇਲ ਤੋਂ **ਘੱਟੋ ਘੱਟ 14 ਦਿਨ ਪਹਿਲਾਂ**, ਤੁਹਾਨੂੰ ਕੀਤੇ ਗਏ ਕੋਈ ਵੀ ਕੌਨਟਰੈਕਟ, ਅਕਾਊਂਟ ਦੇ ਚਿੱਠੇ, ਕੀਤੀ ਗਈ ਅਦਾਇਗੀ ਦੇ ਸਬੂਤ ਜਾਂ ਹੋਰ ਉਹ ਦਸਤਾਵੇਜ਼ ਕੋਰਟ ਰਜਿਸਟਰੀ ਵਿਖੇ ਦਰਜ ਕਰਵਾਉਣੇ ਪੈਣਗੇ ਜਿਨ੍ਹਾਂ ’ਤੇ ਤੁਸੀਂ ਨਿਰਭਰ ਕਰਦੇ ਹੋ। ਸਮਰੀ ਟਰਾਇਲ ਤੋਂ **ਘੱਟੋ ਘੱਟ ਸੱਤ (7) ਦਿਨ ਪਹਿਲਾਂ** ਤੁਹਾਨੂੰ ਇਹ ਦਸਤਾਵੇਜ਼ ਦੂਜੀਆਂ ਧਿਰਾਂ ਨੂੰ ਜ਼ਰੂਰ ਪਹੁੰਚਾਉਣੇ ਪੈਣਗੇ।

## *ਸਮਰੀ ਟਰਾਇਲ ਕਿਵੇਂ ਚਲਾਇਆ ਜਾਂਦਾ ਹੈ?*

ਸਮਰੀ ਟਰਾਇਲ ਆਮ ਮੁਕੱਦਮੇ ਨਾਲੋਂ ਤੇਜ਼ ਹੁੰਦਾ ਹੈ ਅਤੇ ਇਹ ਸ਼ਾਇਦ ਕਾਰਵਾਈ ਅਤੇ ਸਬੂਤਾਂ ਦੇ ਰਸਮੀ ਨਿਯਮਾਂ ਦੀ ਪਾਲਣਾ ਨਾ ਕਰੇ। ਸਮਰੀ ਟਰਾਇਲ ਵਿਚ ਜੱਜ ਤੁਹਾਨੂੰ ਆਪਣਾ ਕੇਸ ਦੱਸਣ, ਦੂਜੀ ਧਿਰ ਦਾ ਜਵਾਬ ਦੇਣ ਅਤੇ ਗਵਾਹ ਸੱਦਣ ਲਈ ਕਹਿ ਸਕਦਾ ਹੈ। ਅਦਾਲਤ ਵਿਚ ਆਪਣੇ ਸਬੂਤ ਦੇਣ ਤੋਂ ਪਹਿਲਾਂ ਤੁਹਾਨੂੰ ਸਹੁੰ ਚੁੱਕਣ ਜਾਂ ਇਹ ਪ੍ਰਤਿੱਗਿਆ ਕਰਨ ਲਈ ਕਿਹਾ ਜਾਵੇਗਾ ਕਿ ਤੁਸੀਂ ਜੋ ਵੀ ਕਹੋਗੇ ਸੱਚ ਕਹੋਗੇ।

## *ਜੇ ਮੈਨੂੰ ਸਮਰੀ ਟਰਾਇਲ ਦੀ ਤਰੀਕ ਬਦਲਣ ਦੀ ਲੋੜ ਹੋਵੇ ਤਾਂ ਕੀ ਹੋਵੇਗਾ?*

ਜੇ ਤੁਸੀਂ ਆਪਣੀ ਸਮਰੀ ਟਰਾਇਲ ਲਈ ਮਿੱਥੀ ਗਈ ਤਰੀਕ ’ਤੇ ਨਾ ਆ ਸਕਦੇ ਹੋਵੋ ਤਾਂ ਤੁਸੀਂ ਤਰੀਕ ਬਦਲਣ ਲਈ ਬੇਨਤੀ ਕਰ ਸਕਦੇ ਹੋ। ਤੁਹਾਨੂੰ ਪਹਿਲਾਂ ਸਾਰੀਆਂ ਦੂਜੀਆਂ ਧਿਰਾਂ ਤੋਂ ਤਰੀਕ ਬਦਲੀ ਲਈ ਲਿਖਤੀ ਸਹਿਮਤੀ ਮੰਗਣੀ ਚਾਹੀਦੀ ਹੈ। ਜੇ ਉਹ ਸਹਿਮਤ ਹੋ ਜਾਣ ਤਾਂ ਤੁਸੀਂ ਫਿਰ ਉਨ੍ਹਾਂ ਦੀਆਂ ਲਿਖਤੀ ਸਹਿਮਤੀਆਂ ਨਾਲ ਸਹਿਮਤੀ ਆਰਡਰ ਲੈਣ ਲਈ ਰੌਬਸਨ ਸੁਕੇਅਰ ਕੋਰਟ ਰਜਿਸਟਰੀ ਕੋਲ ਜਾ ਸਕਦੇ ਹੋ।

ਜੇ ਤੁਹਾਡਾ ਸਾਰੀਆਂ ਧਿਰਾਂ ਨਾਲ ਸਮਝੌਤਾ ਨਾ ਹੋ ਸਕੇ ਤਾਂ ਤੁਸੀਂ ਰਜਿਸਟਰਾਰ ਕੋਲ ਅਰਜ਼ੀ (ਫਾਰਮ 16) ਦਰਜ ਕਰਵਾ ਸਕਦੇ ਹੋ। ਅਰਜ਼ੀ ਵਿਚ ਉਸ ਕਾਰਨ ਬਾਰੇ ਜ਼ਰੂਰ ਦੱਸਿਆ ਗਿਆ ਹੋਣਾ ਚਾਹੀਦਾ ਹੈ ਜਿਸ ਕਰਕੇ ਤੁਸੀਂ ਤਰੀਕ ਵਿਚ ਤਬਦੀਲੀ ਕਰਨਾ ਚਾਹੁੰਦੇ ਹੋ ਅਤੇ ਇਹ ਵੀ ਦੱਸਿਆ ਗਿਆ ਹੋਣਾ ਚਾਹੀਦਾ ਹੈ ਕਿ ਤੁਸੀਂ ਦੂਜੀਆਂ ਧਿਰਾਂ ਤੋਂ ਉਨ੍ਹਾਂ ਦੀ ਸਹਿਮਤੀ ਮੰਗੀ ਸੀ। ਅਰਜ਼ੀ ਟਰਾਇਲ ਦੀ ਤਰੀਕ ਤੋਂ **ਘੱਟੋ ਘੱਟ ਸੱਤ (7) ਦਿਨ ਪਹਿਲਾਂ** ਕੋਰਟ ਰਜਿਸਟਰੀ ਕੋਲ ਦਰਜ ਕਰਵਾਈ ਜਾਣੀ ਜ਼ਰੂਰੀ ਹੈ। ਜੇ ਰਜਿਸਟਰਾਰ ਨੇ ਅਰਜ਼ੀ ਮਨਜ਼ੂਰ ਕਰ ਲਈ ਤਾਂ ਤੁਹਾਡੇ ਸਮਰੀ ਟਰਾਇਲ ਲਈ ਇਕ ਨਵੀਂ ਤਰੀਕ ਮਿੱਥੀ ਜਾਵੇਗੀ।

### *ਜੇ ਮੈਂ ਸਮਰੀ ਟਰਾਇਲ ਵਿਚ ਹਾਜ਼ਰ ਨਾ ਹੋਵਾਂ ਕੀ ਹੁੰਦਾ ਹੈ?*

ਜੇ ਤੁਸੀਂ ਦਾਅਵੇਦਾਰ ਹੋ ਤਾਂ ਤੁਹਾਡਾ ਕਲੇਮ ਰੱਦ ਕੀਤਾ ਜਾ ਸਕਦਾ ਹੈ। ਜੇ ਤੁਸੀਂ ਸਫਾਈ ਦੇਣ ਵਾਲੇ (ਮੁਦਾਲਾ) ਹੋ ਤਾਂ ਤੁਹਾਡੇ ਵਿਰੁੱਧ ਪੈਸਿਆਂ ਦੀ ਅਦਾਇਗੀ ਦਾ ਹੁਕਮ ਕੀਤਾ ਜਾ ਸਕਦਾ ਹੈ।

**ਜ਼ਿਆਦਾ ਜਾਣਕਾਰੀ ਲਈ, ਸਮਾਲ ਕਲੇਮਜ਼ ਰੂਲ 9.2 ਦੇਖੋ**
ਜੋ ਕਿ ਕੋਰਟ ਸਰਵਿਸਿਜ਼ ਬਰਾਂਚ ਦੇ ਵੈੱਬਸਾਈਟ 'ਤੇ ਮੌਜੂਦ ਹੈ: www.gov.bc.ca/ag
ਸਰਚ ਬਾਰ ਵਿਚ "ਕੋਰਟ ਸਰਵਿਸਿਜ਼" ਟਾਇਪ ਕਰੋ
ਜਾਂ ਰੌਬਸਨ ਸੁਕੇਅਰ ਸਮਾਲ ਕਲੇਮਜ਼ ਕੋਰਟ ਰਜਿਸਟਰੀ ਨਾਲ ਸੰਪਰਕ ਕਰੋ
ਟੈਲੀਫੋਨ: 604 660-8989 ਫੈਕਸ: 604 660-7095

British Columbia
Ministry of Attorney General